ਨਿਊਜ਼ ਰਿਲੀਜ਼

# ਨਵਾਂ ਸਕੂਲ ਵਰ੍ਹਾ, ਨਵਾਂ ਮੈਂਟਲ ਹੈਲਥ ਕਲਾਸਰੂਮ

11 ਸਤੰਬਰ 2024 ਮੀਡੀਆ ਇੰਨਕੁਆਰੀਆਂ

## ਐਲਬਰਟਾ ਸਰਕਾਰ ਸੂਬੇ ਭਰ ਵਿਚ 60 ਮੈਂਟਲ ਹੈਲਥ ਕਲਾਸਰੂਮ/ਮਾਨਸਿਕ ਸਿਹਤ ਕਲਾਸਰੂਮ ਖੋਲ੍ਹਣ, ਅਤੇ ਇਸ ਸਤੰਬਰ 'ਚ ਨੌਂ ਹੋਰਾਂ ਨੂੰ ਆਨਲਾਈਨ ਲਿਆਉਣ ਨਾਲ ਆਪਣੇ ਕੀਤੇ ਵਾਅਦੇ ਦੀ ਪੂਰਤੀ ਵੱਲ ਨੂੰ ਪ੍ਰਗਤੀ ਕਰ ਰਹੀ ਹੈ।

ਐਲਬਰਟਾ ਸਰਕਾਰ ਉਨ੍ਹਾਂ ਵਾਸਤੇ ਇਕ ਸਿਹਤ-ਸੰਭਾਲ ਦੀ ਮੁਕੰਮਲ ਨਿਰੰਤਰਤਾ ਬਣਾ ਰਹੀ ਹੈ ਜਿਹੜੇ ਮਾਨਸਿਕ ਸਿਹਤ ਅਤੇ ਨਸ਼ੇੜੀਪੁਣੇ ਦੀਆਂ ਚੁਣੌਤੀਆਂ ਨੂੰ ਦਰਪੇਸ਼ ਹਨ। ਪਰਹੇਜ਼ ਦਖ਼ਲ ਅਤੇ ਇਲਾਜ ਤੇ ਰਿਕਵਰੀ ਦੀਆਂ ਸੇਵਾਵਾਂ ਸਮੇਤ ਐਲਬਰਟਾ ਨਿਵਾਸੀ ਵਿਸ਼ਵ ਪੱਧਰ ਦੀ ਮਾਨਸਿਕ ਸਿਹਤ-ਸੰਭਾਲ ਤੱਕ ਪਹੁੰਚ ਪ੍ਰਾਪਤ ਕਰ ਰਹੇ ਹਨ, ਜਿਸ ਨਾਲ ਸੂਬੇ ਭਰ ਵਿਚ ਜ਼ਿੰਦਗੀਆਂ ਨੂੰ ਮੁੜ-ਉਸਾਰਨ ਅਤੇ ਤਕੜੀਆਂ ਕਰਨ 'ਚ ਮਦਦ ਮਿਲ ਰਹੀ ਹੈ। ਮੂਲ ਫੋਕਸ ਐਲਬਰਟਾ ਰਿਕਵਰੀ ਮਾਡਲ ਉਸਾਰਨ ਉੱਪਰ ਹੈ, ਜਿਹੜਾ ਇਸ ਵਿਸ਼ਵਾਸ਼ ਉੱਪਰ ਆਧਾਰਿਤ ਹੈ ਕਿ ਰਿਕਵਰੀ ਅਤੇ ਤੰਦਰੁਸਤੀ ਸੰਭਵ ਹੈ, ਇਹ ਕੋਈ ਗੱਲ ਨਹੀਂ ਕਿ ਕੋਈ ਜਣਾ ਕਿਹੜੀਆਂ ਮਾਨਸਿਕ ਸਿਹਤ ਅਤੇ ਨਸ਼ੇੜੀਪੁਣੇ ਦੀਆਂ ਚੁਣੌਤੀਆਂ ਨੂੰ ਦਰਪੇਸ਼ ਹੈ।

ਐਲਬਰਟਾ ਰਿਕਵਰੀ ਮਾਡਲ ਦੇ ਇਕ ਭਾਗ ਵਜੋਂ, ਸੂਬੇ ਨੇ CASA Mental Health ਨਾਲ ਬੱਚਿਆਂ ਅਤੇ ਨੌਜੁਆਨਾਂ ਵਾਸਤੇ ਸੇਵਾਵਾਂ 'ਚ ਰਿਕਾਰਡ-ਤੋੜ ਵਿਸਤਾਰ ਕਰਨ ਲਈ, ਭਾਈਵਾਲੀ ਕੀਤੀ ਹੈ। ਇਸ ਭਾਈਵਾਲੀ ਦੁਆਰਾ, ਐਲਬਰਟਾ ਸੂਬੇ ਭਰ ਵਿਚ ਆਉਂਦੇ ਤਿੰਨ ਸਾਲਾਂ 'ਚ ਕੁੱਲ 60 ਤੱਕ CASA ਮੈਂਟਲ ਹੈਲਥ ਕਲਾਸ ਰੂਮ ਆਨਲਾਈਨ ਲਿਆਉਣ ਲਈ 70 ਮਿਲੀਅਨ ਡਾਲਰ ਦਾ ਪੂੰਜੀ-ਨਿਵੇਸ਼ ਕਰ ਰਿਹਾ ਹੈ। ਇਹ ਸਤੰਬਰ ਮਹੀਨਾ ਐਲਬਰਟਾ ਭਰ 'ਚ ਸੱਤ ਕਮਿਊਨਿਟੀਆਂ 'ਚ ਨੌਂ ਕਲਾਸਰੂਮ ਖੋਲ੍ਹਣ ਦੁਆਰਾ ਸਾਡੇ ਨਿਸ਼ਾਨੇ ਦੀ ਪੂਰਤੀ ਵੱਲ ਨੂੰ ਇਕ ਹੋਰ ਕਦਮ ਅੱਗੇ ਵਧਣ ਨੂੰ ਦਰਸਾਉਂਦਾ ਹੈ।

"ਇਸ ਵਰਗੀਆਂ ਸੇਵਾਵਾਂ ਉਨ੍ਹਾਂ ਬੱਚਿਆਂ ਅਤੇ ਨੌਜੁਆਨਾਂ ਦੀ ਲੰਮੀ ਮਿਆਦ ਦੀ ਸਫਲਤਾ ਅਤੇ ਤੰਦਰੁਸਤੀ ਵਾਸਤੇ ਮਹੱਤਵਪੂਰਨ ਹਨ, ਜਿਹੜੇ ਮੌਜੂਦਾ ਸਮੇਂ ਆਪਣੇ ਮਾਨਸਿਕ ਸਿਹਤ ਨਾਲ ਸਬੰਧਤ ਬਹੁਤ ਹੀ ਮੁਸ਼ਕਿਲ ਕਿਸਮ ਦੀਆਂ ਚੁਣੌਤੀਆਂ ਦਾ ਸਹਾਮਣਾ ਕਰ ਰਹੇ ਹਨ। ਹਰੇਕ ਬੱਚੇ ਨੂੰ ਇਹ ਜਾਣਨ ਦਾ ਅਧਿਕਾਰ ਹੈ ਕਿ ਮਦਦ ਮਿਲਣੀ ਸੰਭਵ ਹੈ ਅਤੇ ਉਹ ਰਿਕਵਰ ਹੋ ਸਕਦੇ ਹਨ ਅਤੇ ਆਪਣੀਆਂ ਭਰਪੂਰ ਜ਼ਿੰਦਗੀਆਂ ਜੀਅ ਸਕਦੇ ਹਨ। ਸਾਡੀ ਸਰਕਾਰ ਇਸ ਵਰਗੇ ਪੂੰਜੀ-ਨਿਵੇਸ਼ ਕਰਨੇ ਜਾਰੀ ਰੱਖ ਰਹੀ ਹੈ ਜਿਹੜੇ ਬੱਚਿਆਂ, ਨੌਜੁਆਨਾਂ ਅਤੇ ਪਰਿਵਾਰਾਂ ਦੀਆਂ ਜ਼ਿੰਦਗੀਆਂ ਬਦਲਦੇ ਹਨ।"

*Dan Williams, ਮਿਨਿਸਟਰ ਆਫ ਮੈਂਟਲ ਹੈਲਥ ਐਂਡ ਅਡਿਕਸ਼ਨ*

“ਵਿਦਿਆਰਥੀਆਂ ਦੀ ਤੰਦਰੁਸਤੀ ਅਤੇ ਮਾਨਸਿਕ ਸਿਹਤ ਸਾਡੀ ਸਿਖਰ ਦੀ ਤਰਜ਼ੀਹ ਹੈ। CASA ਮੈਂਟਲ ਹੈਲਥ ਕਲਾਸਰੂਮਾਂ ਦਾ ਇਹ ਵਿਸਤਾਰ ਯਕੀਨੀ ਬਣਾਏਗਾ ਕਿ ਸਾਡੇ ਸਭ ਤੋਂ ਵੱਧ ਕਮਜ਼ੋਰ/ਸੌਖਿਆਂ ਲਪੇਟ 'ਚ ਆ ਸਕਣ ਵਾਲੇ ਵਿਦਿਆਰਥੀਆਂ ਨੂੰ ਅਕਾਦਮਿਕ ਤੌਰ 'ਤੇ ਸਫਲ ਹੋਣ, ਵਧੀਆ ਪ੍ਰਕਾਰ ਦੇ ਸਬੰਧ ਬਣਾਉਣ ਅਤੇ ਸਵੈ-ਭਰੋਸੇ ਸਹਿਤ ਬਾਲਗਪੁਣੇ 'ਚ ਤਬਦੀਲ ਹੋਣ ਵਾਸਤੇ ਲੋੜੀਂਦੀ ਮਦਦ ਜੋ ਉਨ੍ਹਾਂ ਨੂੰ ਚਾਹੀਦੀ ਹੈ, ਸਕੂਲ 'ਚ ਪ੍ਰਾਪਤ ਹੁੰਦੀ ਹੈ।”

*Demetrios Nicolaides, ਮਿਨਿਸਟਰ ਆਫ ਐਜੂਕੇਸ਼ਨ*

CASA ਮੈਂਟਲ ਹੈਲਥ ਕਲਾਸਰੂਮ ਇਕ ਨਿਵੇਕਲੀ ਪ੍ਰਕਾਰ ਦੀ ਸੈਟਿੰਗ/ਮਾਹੌਲ ਪ੍ਰਦਾਨ ਕਰਦਾ ਹੈ ਜਿਸ 'ਚ ਗੁੰਝਲਦਾਰ ਕਿਸਮ ਦੀਆਂ ਮਾਨਸਿਕ ਸਿਹਤ ਚੁਣੌਤੀਆਂ ਦਾ ਸਾਹਮਣਾ ਕਰਨ ਵਾਲੇ ਵਿਦਿਆਰਥੀ ਆਪਣੀ ਸਿੱਖਿਆ 'ਚ ਵਿਘਨ ਪੈਣ ਤੋਂ ਬਗੈਰ ਪ੍ਰੋਫੈਸ਼ਨਲ ਕਿਸਮ ਦੀ ਸਿਹਤ-ਸੰਭਾਲ ਪ੍ਰਾਪਤ  ਕਰ ਸਕਦੇ ਹਨ। ਵਿਦਿਆਰਥੀ ਆਪਣੀਆਂ ਸਮਾਜਿਕ ਜ਼ਿੰਦਗੀਆਂ ਨੂੰ ਵੀ ਬਣੀਆਂ ਰੱਖ ਸਕਦੇ ਹਨ ਅਤੇ ਆਪਣੇ ਸਹਿਪਾਠੀਆਂ ਨਾਲ ਜੁੜੇ ਰਹਿ ਸਕਦੇ ਹਨ। ਹਰੇਕ ਕਲਾਸਰੂਮ 'ਚ ਇਕ ਫੁੱਲ-ਟਾਈਮ ਅਧਿਆਪਕ, ਮੈਂਟਲ ਹੈਲਥ ਥੈਰੇਪਿਸਟ, ਮੈਂਟਲ ਹੈਲਥ ਏਡ ਅਤੇ ਹੋਰ ਸਟਾਫ ਮੌਜੂਦ ਹੈ ਜਿਹੜਾ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਰਿਕਵਰੀ 'ਚ ਸਹਾਇਤਾ ਕਰਦਾ ਹੈ। ਸਿਹਤ-ਸੰਭਾਲ ਪ੍ਰਦਾਨ ਕਰਨ ਵਾਲਿਆਂ ਨੂੰ ਪ੍ਰੋਗਰਾਮ ਦੌਰਾਨ ਅਤੇ ਪ੍ਰੋਗਰਾਮ ਉਪਰੰਤ ਬੱਚੇ ਜਾਂ ਨੌਜੁਆਨ ਨੂੰ ਸਹਾਇਤਾ ਦੇਣ ਵਾਸਤੇ ਸਰੋਤ ਵੀ ਮੁਹੱਈਆ ਕੀਤੇ ਗਏ ਹਨ।

ਐਲਬਰਟਾ ਸਰਕਾਰ ਨੇ CASA ਮੈਂਟਲ ਹੈਲਥ ਕਲਾਸਰੂਮਾਂ ਨੂੰ ਲਿਆਉਣ ਲਈ ਪਹਿਲੀਵਾਰ 2023 'ਚ ਸਹਾਇਤਾ ਕੀਤੀ ਅਤੇ ਲਗਾਤਾਰ ਵਧੇਰੇ ਸਕੂਲਾਂ 'ਚ ਉਨਾਂ ਦੇ ਵਿਸਤਾਰ ਦੀ ਪਿੱਠ ਪੂਰ ਰਹੀ ਹੈ। ਇਸ ਸਤੰਬਰ ਤੱਕ, 17 CASA ਮੈਂਟਲ ਹੈਲਥ ਕਲਾਸਰੂਮ ਸੂਬੇ ਭਰ 'ਚ ਚੱਲ ਰਹੇ ਹਨ, ਜੋ ਪਿਛਲੇ ਸਕੂਲ ਵਰ੍ਹੇ 'ਚ ਉਪਲਬਧ ਕਲਾਸਰੂਮਾਂ ਨਾਲੋਂ ਦੁੱਗਣੇ ਤੋਂ ਵੀ ਵਧੇਰੇ ਹਨ। ਕਲਾਸਰੂਮ ਪੜਾਅਵਾਰ ਤਰੀਕੇ ਨਾਲ ਖੁੱਲ੍ਹਣੇ ਜਾਰੀ ਰਹਿਣਗੇ, ਕੁੱਲ 60 ਕਲਾਸਰੂਮਾਂ ਤੱਕ, ਜਿਹੜੇ 2026 ਤੱਕ ਐਲਬਰਟਾ ਦੀਆਂ 140 ਕਮਿਊਨਿਟੀਆਂ 'ਚ ਸਹਾਇਤਾ ਪ੍ਰਦਾਨ ਕਰਨਗੇ। ਜਦੋਂ ਸਾਰੇ ਆਨਲਾਈਨ ਹੋ ਗਏ, ਤਾਂ  CASA ਮੈਂਟਲ ਹੈਲਥ ਕਲਾਸਰੂਮ ਹਰੇਕ ਸਾਲ ਤਕਰੀਬਨ 1,500 ਵਿਦਿਆਰਥੀਆਂ ਨੂੰ ਸਹਾਇਤਾ ਪ੍ਰਦਾਨ ਕਰ ਰਹੇ ਹੋਣਗੇ।

CASA ਮੈਂਟਲ ਹੈਲਥ ਵਡਮੁੱਲਾ ਭਾਈਵਾਲ ਹੈ ਅਤੇ ਐਲਬਰਟਾ 'ਚ ਬੱਚਿਆਂ ਅਤੇ ਨੌਜੁਆਨਾਂ ਲਈ ਕਮਿਊਨਿਟੀ ਆਧਾਰਿਤ ਮਾਨਸਿਕ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਾਲਾ ਦੂਜਾ ਸਭ ਤੋਂ ਵੱਡਾ ਪ੍ਰਦਾਨ ਕਰਤਾ ਹੈ। ਇਹ ਨਾਨ-ਪ੍ਰਾਫਿਟ ਸੰਸਥਾ ਉਨ੍ਹਾਂ ਨੌਜੁਆਨਾਂ ਨੂੰ ਸਹਾਇਤਾ ਪ੍ਰਦਾਨ ਕਰਨ 'ਤੇ ਫੋਕਸ ਕਰਦੀ ਹੈ ਜਿੰਨ੍ਹਾਂ ਨੂੰ ਅਜਿਹੀਆਂ ਮਾਨਸਿਕ ਸਿਹਤ ਚੁਣੌਤੀਆਂ ਹਨ ਜੋ ਗੁੰਝਲਦਾਰ ਹਨ ਪਰੰਤੂ ਜਿੰਨ੍ਹਾਂ ਦੇ ਇਲਾਜ ਲਈ ਹਸਪਤਾਲ ਜਾਂ ਕਿਸੇ ਹੋਰ ਤੀਬਰ ਸਿਹਤ-ਸੰਭਾਲ ਵਾਲੇ ਸਥਾਨ ਦੀ ਜ਼ਰੂਰਤ ਨਹੀਂ। ਸੂਬਾਈ ਫੰਡਿੰਗ ਉਨ੍ਹਾਂ ਦੇ ਕਈ ਸਾਰੇ ਪ੍ਰੋਗਰਾਮਾਂ 'ਚ ਸਹਾਇਤਾ ਕਰਦੀ, ਜਿੰਨ੍ਹਾਂ 'ਚ CASA House , ਜੋ ਮੌਜੂਦਾ ਸਮੇਂ ਐਡਮਿੰਟਨ ਖੇਤਰ 'ਚ ਚੱਲ ਰਿਹਾ ਹੈ ਅਤੇ ਤਿੰਨ ਨਵੀਆਂ CASA House  ਫੈਸਿਲਿਟੀਆਂ ਜੋ ਅਗਲੇ ਕੁਝ ਸਾਲਾਂ 'ਚ ਐਲਬਰਟਾ 'ਚ ਹੋਰ ਕਿੱਧਰੇ ਖੁੱਲ੍ਹਣਗੀਆਂ, ਅਤੇ ਹੋਰ ਵਿਸ਼ੇਸ਼ੀਕ੍ਰਿਤ ਸੇਵਾਵਾਂ ਸ਼ਾਮਲ ਹਨ।

ਐਲਬਰਟਾ ਸਰਕਾਰ ਸਾਰੀਆਂ ਉਮਰਾਂ ਦੇ ਐਲਬਰਟਾ ਨਿਵਾਸੀਆਂ ਨੂੰ ਉਨ੍ਹਾਂ ਦੇ ਤੰਦਰੁਸਤੀ, ਅਤੇ ਰਿਕਵਰੀ ਦੇ ਸਫਰ 'ਚ ਸਹਾਇਤਾ ਮੁਹੱਈਆ ਕਰਨ ਲਈ ਮਾਨਸਿਕ ਸਿਹਤ ਸੇਵਾਵਾਂ 'ਚ ਰਿਕਾਰਡ ਪੂੰਜੀ-ਨਿਵੇਸ਼ ਕਰ ਰਹੀ ਹੈ। ਇਸ 'ਚ ਡਿਜੀਟਲ ਸਹਾਇਤਾ ਜਿਵੇਂ 211 ਐਲਬਰਟਾ ਅਤੇ ਕਿਡਜ਼ ਹੈਲਪ ਫੋਨ, ਯੂਥ ਮੈਂਟਲ ਹੈਲਥ ਹੱਬਜ਼, ਛੋਟੇ ਐਲਬਰਟਾ ਨਿਵਾਸੀਆਂ 'ਚ ਖਾਣ-ਪੀਣ ਸਬੰਧੀ

ਗੜਬੜੀਆਂ ਦੇ ਇਲਾਜ ਤੱਕ ਪਹੁੰਚ ਵਧਾਉਣ 'ਚ ਪੂੰਜੀ-ਨਿਵੇਸ਼ ਕਰਨਾਂ ਅਤੇ ਪੁੱਜਤਯੋਗ ਵਰਚੂਅਲ ਅਤੇ ਇੰਨ-ਪਰਸਨ ਕਾਊਂਸਲਿੰਗ 'ਚ ਨਿਵੇਸ਼ ਕਰਨਾਂ ਸ਼ਾਮਲ ਹੈ।

## ਫੌਰੀ ਤੱਥ

- ਐਲਬਰਟਾ ਸਰਕਾਰ CASA ਮੈਂਟਲ ਹੈਲਥ ਨੂੰ  CASA ਮੈਂਟਲ ਹੈਲਥ ਕਲਾਸਰੂਮਾਂ, CASA Houses ਅਤੇ ਵਿਸ਼ੇਸ਼ੀਕ੍ਰਿਤ ਸੇਵਾਵਾਂ 'ਚ ਸਹਾਇਤਾ ਕਰਨ ਵਾਸਤੇ ਤਿੰਨ ਸਾਲਾਂ ਦੌਰਾਨ (2023-2026) 197 ਮਿਲੀਅਨ ਡਲਾਰ ਮੁਹੱਈਆ ਕਰ ਰਹੀ ਹੈ।.
    - ਇਸ ਵਿਚ CASA ਮੈਂਟਲ ਹੈਲਥ ਕਲਾਸਰੂਮ ਪ੍ਰੋਗਰਾਮ ਲਈ 70 ਮਿਲੀਅਨ ਡਾਲਰ ਸ਼ਾਮਲ ਹੈ।
- CASA ਮੈਂਟਲ ਹੈਲਥ ਕਲਾਸਰੂਮ ਗਰੇਡ 4 ਤੋਂ 12 ਤੱਕ ਦੇ ਵਿਦਿਆਰਥੀਆ ਦੀ ਸਹਾਇਤਾ ਲਈ ਡਿਜ਼ਾਈਨ ਕੀਤੇ ਗਏ ਹਨ।
    - ਹਰੇਕ ਕਲਾਸਰੂਮ ਸਕੂਲ ਡਿਵੀਜ਼ਨ ਦੀ ਹੱਦ ਦੇ ਅੰਦਰੋਂ ਕਿਤੋਂ ਵੀ 12 ਤੱਕ ਵਿਦਿਆਰਥੀਆਂ ਨੂੰ ਰੱਖ ਸਕਦਾ ਹੈ।
    - ਪ੍ਰਤਿ ਸਾਲ ਦਾਖਲ ਹੋਣ ਦੇ ਦੋ ਮੌਕੇ ਹਨ - ਸਤੰਬਰ ਅਤੇ ਫਰਵਰੀ।
- ਸਤੰਬਰ 2024 'ਚ ਨੌਂ ਨਵੇਂ CASA ਮੈਂਟਲ ਹੈਲਥ ਕਲਾਸਰੂਮ ਖੁੱਲ੍ਹੇ ਹਨ:
    - ਕੈਲਗਰੀ 'ਚ ਬਿਸ਼ਪ ਕੈਰਲ ਹਾਈ ਸਕੂਲ
    - ਕੈਲਗਰੀ 'ਚ ਸੇਂਟ ਕਾਈਰਲ ਹਾਈ ਸਕੂਲ
    - ਐਡਮਿੰਟਨ 'ਚ ਸੇਂਟ ਜੋਸੇਫ ਕੈਥੋਲਿਕ ਹਾਈ ਸਕੂਲ
    - ਐਡਮਿੰਟਨ 'ਚ ਰੌਸਲਿਨ ਜੂਨੀਅਰ ਹਾਈ ਸਕੂਲ
    - ਸ਼ੇਰਵੁੱਡ ਪਾਰਕ 'ਚ ਬੈੱਵ ਫੇਸੀ ਕਮਿਊਨਿਟੀ ਹਾਈ ਸਕੂਲ
    - ਬੋਨੀਵਿੱਲੇ 'ਚ ਐੱਚ.ਈ. ਬੋਰਗੋਇਨ ਸਕੂਲ
    - ਹਾਈ ਰਿਵਰ 'ਚ ਸੇਨੈਟਰ ਰਿਲੇ ਸਕੂਲ
    - ਫੋਰਟ ਮਕਮੁੱਰੇ 'ਚ ਸੇਂਟ ਗੈਬਰੀਲ ਸਕੂਲ
    - ਰੈੱਡ ਡੀਅਰ 'ਚ ਪਾਈਨਜ਼ ਐਲਟਰਨੇਟਿਵ ਸਕੂਲ
- ਅੱਠ CASA ਮੈਂਟਲ ਹੈਲਥ ਕਲਾਸ ਰੂਮ ਹੇਠ ਲਿਖਿਆਂ 'ਚ ਚੱਲਣਾ ਜਾਰੀ ਰੱਖ ਰਹੇ ਹਨ:
    - ਫੋਰਟ ਸੈਸਕੈਚਵਨ 'ਚ ਫੋਰਟ ਸੈਸਕੈਚਵਨ ਐਲੀਮੈਂਟਰੀ
    - ਐਡਮਿੰਟਨ 'ਚ ਜੇ.ਏ. ਫਾਈਫ ਸਕੂਲ
    - ਐਡਮਿੰਟਨ 'ਚ ਸੇਂਟ ਗੈਬਰੀਲ ਕੈਥੋਲਿਕ ਸਕੂਲ
    - ਸਟਰਜਿਨ ਕਾਊਂਟੀ 'ਚ ਗੁਥਰੀਅ ਸਕੂਲ
    - ਸਟਰਜਿਨ ਕਾਊਂਟੀ 'ਚ ਸਟਰਜਿਨ ਕੰਪੋਜ਼ਿਟ ਹਾਈ ਸਕੂਲ

Classification: Public

- ਰੈੱਡ ਡੀਅਰ 'ਚ ਐਸਕੁਏਲਾ ਵਿਸਟਾ ਗਰੈਂਡ ਸਕੂਲ
- ਮੈਡੀਸਨ ਹੈਟ 'ਚ ਸਾਊਥ ਵਿਊ ਕਮਿਊਨਿਟੀ ਸਕੂਲ
- ਵੈਟਾਸਕਿਵਿਨ 'ਚ ਵੈਟਾਸਕਿਵਿਨ ਆਊਟਰੀਚ ਸਕੂਲ (ਸੀ.ਬੀ. ਮੈੱਕਮੁਰਡੋ)

## ਸਬੰਧਤ ਜਾਣਕਾਰੀ

- CASA ਮੈਂਟਲ ਹੈਲਥ
- CASA ਮੈਂਟਲ ਹੈਲਥ ਕਲਾਸਰੂਮਜ਼

## ਸਬੰਧਤ ਖਬਰਾਂ

- Record-breaking expansion of mental health services (10 ਮਈ 2024)
- Building a future of mental wellness (16 ਜਨਵਰੀ 2024)
- Expanding mental health treatment for youth (6 ਮਾਰਚ 2024)

## ਮਲਟੀਮਡੀਆ

- ਨਿਊਜ਼ ਕਾਨਫਰੰਸ ਵੇਖੋ

## ਮੀਡੀਆ ਇੰਨਕੁਆਰੀਆਂ


### Hunter Baril

780-619-5774
ਪ੍ਰੈੱਸ ਸੈਕਰੇਟਰੀ, ਮੈਂਟਲ ਹੈਲਥ ਐਂਡ ਅਡਿਕਸ਼ਨ